## ਕੋਵਿਡ-19 ਮਹਾਂਮਾਰੀ ਦੇ ਦੌਰਾਨ ਬ੍ਰੈਂਪਟਨ ਵਿੱਚ ਸਿਵਿਕ ਹੋਲੀਡੇ 2020

ਬ੍ਰੈਂਪਟਨ, ਓਨਟੈਰੀਓ (29 ਜੁਲਾਈ, 2020) – ਇਸ ਸਾਲ, ਸਿਵਿਕ ਹੋਲੀਡੇ (Civic Holiday), ਸੋਮਵਾਰ, 3 ਅਗਸਤ ਨੂੰ ਹੈ।

ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਨਾਲ ਅਤੇ ਸਾਡੇ ਨਿਵਾਸੀਆਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ, ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ, ਸਿਟੀ ਹਾਲ (City Hall) ਅਤੇ ਬ੍ਰੈਂਪਟਨ ਲਾਇਬ੍ਰੇਰੀ (Brampton Library) ਬ੍ਰਾਂਚਾਂ ਸਮੇਤ, ਸਿਟੀ ਆਫ ਬ੍ਰੈਂਪਟਨ ਦੀਆਂ ਜ਼ਿਆਦਾਤਰ ਹੋਰ ਫੈਸਿਲਿਟੀਜ, ਅਗਲੇ ਨੋਟਿਸ ਤੱਕ ਬੰਦ ਰਹਿਣਗੀਆਂ।

ਫਾਇਰ ਐਂਡ ਐਮਰਜੈਂਸੀ ਸਰਵਿਸਿਜ (Fire and Emergency Services), ਟ੍ਰੈਫਿਕ ਸਰਵਿਸਿਜ (Traffic Services), ਬਾਇ-ਲਾਅ ਐਨਫੋਰਸਮੈਂਟ (By-Law Enforcement), ਰੋਡ ਓਪਰੇਸ਼ਨਸ (Road Operations), ਅਤੇ ਸਿਕਿਓਰਿਟੀ ਸਰਵਿਸਿਜ (Security Services) ਸਮੇਤ, ਸਾਰੀਆਂ ਮਹੱਤਵਪੂਰਣ ਸੇਵਾਵਾਂ, ਸਾਡੇ ਭਾਈਚਾਰੇ ਦੇ ਸਹਿਯੋਗ ਲਈ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ।

ਕਿਸੇ ਵੀ ਸਵਾਲਾਂ ਲਈ ਨਿਵਾਸੀ, 311 ਤੇ ਜਾਂ 905.874.2000 (ਬ੍ਰੈਂਪਟਨ ਦੇ ਬਾਹਰੋਂ) ਤੇ ਫੋਨ ਕਰ ਸਕਦੇ ਹਨ, ਬ੍ਰੈਂਪਟਨ 311 (Brampton 311) ਐਪ (ਜੋ ਐਪ ਸਟੋਰ (App Store) ਜਾਂ Google Play (ਗੂਗਲ ਪਲੇ) ਤੇ ਉਪਲਬਧ ਹੈ) ਦੀ ਵਰਤੋਂ ਕਰ ਸਕਦੇ ਹਨ, www.311brampton.ca ਤੇ ਜਾ ਸਕਦੇ ਹਨ ਜਾਂ 311@brampton.ca ਤੇ ਈਮੇਲ ਕਰ ਸਕਦੇ ਹਨ। ਅਸੀਂ ਸਿਟੀ ਆਫ ਬ੍ਰੈਂਪਟਨ ਜਾਂ ਰੀਜਨ ਆਫ ਪੀਲ (Region of Peel) ਦੇ ਕਿਸੇ ਵੀ ਮੁੱਦਿਆਂ ਲਈ, 24/7 ਉਪਲਬਧ ਹਾਂ। ਇਹਨਾਂ ਮੁੱਦਿਆਂ ਵਿੱਚ ਸ਼ਾਮਲ ਹਨ, ਕੋਵਿਡ-19 ਨਾਲ ਸਬੰਧਿਤ ਸਵਾਲ, ਜਿਵੇਂ ਪਾਰਕਾਂ ਵਿੱਚ ਸੁਰੱਖਿਆ ਉਪਾਅ, ਸਰੀਰਕ ਦੂਰੀ ਅਤੇ ਫੈਸਿਲਿਟੀਜ ਦੇ ਬੰਦ ਹੋਣ ਬਾਰੇ ਸਵਾਲ। ਹੋਰ ਜਾਣਕਾਰੀ ਲਈ www.brampton.ca/covid19 ਤੇ ਜਾਓ।

### ਪਟਾਕਿਆਂ ਤੋਂ ਸੁਰੱਖਿਆ

ਸਿਟੀ ਆਫ ਬ੍ਰੈਂਪਟਨ, ਸਿਵਿਕ ਹੋਲੀਡੇ ਨੂੰ ਪਟਾਕਿਆਂ ਦੇ ਕਿਸੇ ਡਿਸਪਲੇ ਦਾ ਆਯੋਜਨ ਨਹੀਂ ਕਰੇਗੀ ਅਤੇ ਨਿੱਜੀ ਪਟਾਕਿਆਂ ਦੀ ਇਜਾਜ਼ਤ ਨਹੀਂ ਹੈ।

ਸਿਵਿਕ ਹੋਲੀਡੇ, ਸਾਲ ਦੇ ਉਹਨਾਂ ਚਾਰ ਦਿਨਾਂ ਵਿੱਚੋਂ ਇੱਕ ਨਹੀਂ ਹੈ, ਜਦੋਂ ਸਿਟੀ ਆਫ ਬ੍ਰੈਂਪਟਨ ਵਿੱਚ, ਨਿੱਜੀ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਹੋਰ ਜਾਣਕਾਰੀ ਲਈ, www.brampton.ca/bylaws ਤੇ ਜਾਓ।

### ਬ੍ਰੈਂਪਟਨ ਟ੍ਰਾਂਜ਼ਿਟ

ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਸਿਵਿਕ ਹੋਲੀਡੇ ਨੂੰ ਕੁਝ ਰੱਦ ਕੀਤੇ ਰੂਟਾਂ ਦੇ ਨਾਲ, ਐਤਵਾਰ/ਛੁੱਟੀ ਦੇ ਦਿਨ ਵਾਲੇ ਸ਼ੈਡਿਊਲ ਤੇ ਕੰਮ ਕਰੇਗਾ। ਕਿਰਪਾ ਕਰਕੇ ਸਫ਼ਰ ਕਰਨ ਤੋਂ ਪਹਿਲਾਂ ਸ਼ੈਡਿਊਲ ਦੇਖੋ।

ਟਰਮੀਨਲਾਂ ਵਿਖੇ ਗਾਹਕ ਸੇਵਾ (Customer Service) ਕਾਉਂਟਰ ਬੰਦ ਹਨ। ਬ੍ਰੈਮਲੀ (Bramalea), ਬ੍ਰੈਂਪਟਨ ਗੇਟਵੇ (Brampton Gateway) ਅਤੇ ਡਾਉਨਟਾਉਨ (Downtown) ਟਰਮੀਨਲਾਂ ਵਿਖੇ ਟਰਮੀਨਲ ਦੀ ਬਿਲਡਿੰਗ ਦਾ ਸਮਾਂ, ਸਵੇਰੇ 6 ਵਜੇ ਤੋਂ ਰਾਤ 9 ਵਜੇ ਤੱਕ ਹੈ। ਸੰਪਰਕ ਕੇਂਦਰ (Contact Centre) ਖੁੱਲ੍ਹਾ ਹੈ। ਸਵਾਰੀਆਂ ਸਹਾਇਤਾ ਲਈ, ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ, 905.874.2999 ਤੇ ਫੋਨ ਕਰ ਸਕਦੀਆਂ ਹਨ।

ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਜ਼ਿਆਦਾਤਰ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਸਿਟੀ, ਸਵਾਰੀਆਂ ਨੂੰ ਬੇਨਤੀ ਕਰਦੀ ਹੈ ਕਿ ਜਿੰਨਾ ਵੱਧ ਤੋਂ ਵੱਧ ਸੰਭਵ ਹੋ ਸਕੇ, ਉਹ ਟਰਮੀਨਲਾਂ ਅਤੇ ਬਸ ਸਟੌਪਸ ਤੇ, ਮਾਸਕ ਪਹਿਨ ਕੇ ਵੀ, ਲਗਾਤਾਰ ਸਰੀਰਕ ਦੂਰੀ ਕਾਇਮ ਰੱਖਣ। ਸਵਾਰੀਆਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਉਹ ਸਫ਼ਰ ਕਰਦੇ ਸਮੇਂ, ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ, ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ। ਜੇਕਰ ਤੁਸੀਂ ਬੀਮਾਰ ਹੋ, ਤਾਂ ਕਿਰਪਾ ਕਰਕੇ ਟ੍ਰਾਂਜ਼ਿਟ ਤੇ ਸਫ਼ਰ ਕਰਨ ਤੋਂ ਪਰਹੇਜ਼ ਕਰੋ, ਨੇੜਲੀ ਕੋਵਿਡ-19 ਅਸੈਸਮੈਂਟ ਸਾਈਟ ਵਿਖੇ ਟੈਸਟ ਕਰਵਾਓ ਅਤੇ ਪਬਲਿਕ ਹੈਲਥ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ।

ਪੀਲ ਪਬਲਿਕ ਹੈਲਥ ਦੀ ਸਲਾਹ ਨਾਲ, ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਬੱਸਾਂ ਤੇ ਅਤੇ ਟਰਮੀਨਲਾਂ ਵਿਖੇ ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਲਾਜ਼ਮੀ ਹਨ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ।

ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

**ਪਾਰਕਸ ਅਤੇ ਰੇਕ੍ਰੀਏਸ਼ਨ**

ਖੁੱਲੇ ਅਤੇ ਬੰਦ, ਪਾਰਕਾਂ ਅਤੇ ਰੇਕ੍ਰੀਏਸ਼ਨ ਸਬੰਧੀ ਸਹੂਲਤਾਂ ਦੀ ਸੂਚੀ ਲਈ, ਇੱਥੇ ਕਲਿੱਕ ਕਰੋ (click here)।

ਰੈਕ ਐਟ ਹੋਮ (Rec At Home) ਦੇ ਨਾਲ, ਪੂਰੇ ਸਰੀਰ ਦੀ ਐਕਸਰਸਾਈਜ ਕਰਦੇ ਹੋਏ ਤੰਦਰੁਸਤ ਰਹੋ, ਸਿੱਖੋ ਕਿ ਓਰੀਗੈਮੀ ਹਾਰਟ ਕਿਵੇਂ ਬਣਾਏ ਜਾਂਦੇ ਹਨ, ਆਪਣੀਆਂ ਸੁੰਦਰ ਲਿਖਾਈ (ਕੈਲੀਗ੍ਰਾਫੀ) ਕੁਸ਼ਲਤਾਵਾਂ ਦਾ ਅਭਿਆਸ ਕਰੋ। ਇਹ ਬ੍ਰੈਂਪਟਨ ਰੇਕ੍ਰੀਏਸ਼ਨ (Brampton Recreation) ਦੇ ਸਟਾਫ਼ ਵੱਲੋਂ ਪਿਆਰ ਨਾਲ ਤਿਆਰ ਕੀਤੀ ਗਈ, ਕਈ ਤਰ੍ਹਾਂ ਦੀ ਆਭਾਸੀ ਪ੍ਰੋਗਰਾਮਿੰਗ ਹੈ! www.brampton.ca/recreation ਤੇ ਰੈਕ ਐਟ ਹੋਮ ਪਲੇਟਫਾਰਮ ਤੱਕ ਪਹੁੰਚ ਪ੍ਰਾਪਤ ਕਰੋ।

ਇਸ ਗਰਮੀ, ਸਿਟੀ ਆਫ ਬ੍ਰੈਂਪਟਨ, 4 ਤੋਂ 10 ਸਾਲ ਦੇ ਬੱਚਿਆਂ ਲਈ, ਸੰਸ਼ੋਧਤ ਸਮਰ ਕੈਂਪਾਂ ਦੀ ਪੇਸ਼ਕਸ਼ ਕਰ ਰਹੀ ਹੈ। ਇਹ ਕੈਂਪ ਹਫ਼ਤਾਵਾਰ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲਦੇ ਹਨ। ਇਸ ਬਾਰੇ ਹੋਰ ਜਾਣਕਾਰੀ ਲਈ ਕਿ ਰਜਿਸਟਰ ਕਿਵੇਂ ਕਰਨਾ ਹੈ, www.brampton.ca/recreation ਤੇ ਜਾਓ।

**ਬ੍ਰੈਂਪਟਨ ਲਾਇਬ੍ਰੇਰੀ**

ਕੋਵਿਡ-19 ਦੇ ਕਾਰਨ, ਲਾਇਬ੍ਰੇਰੀ ਦੀਆਂ ਸਾਰੀਆਂ ਬ੍ਰਾਂਚਾਂ, ਅਗਲੇ ਨੋਟਿਸ ਤੱਕ ਜਨਤਾ ਲਈ ਬੰਦ ਹਨ। ਚੋਣਵੀਆਂ ਥਾਵਾਂ ਤੇ, ਪਗਡੰਡੀ ਦੇ ਕਿਨਾਰੇ ਤੋਂ ਵਸਤਾਂ ਲੈਣਾ (Curbside Pickup) ਉਪਬਲਧ ਹੈ ਅਤੇ ਸਾਰੀਆਂ ਅੱਠ ਬ੍ਰਾਂਚਾਂ ਵਿਖੇ, ਬਾਹਰ ਲੱਗੇ ਡ੍ਰੌਪਬੌਕਸਾਂ ਦੁਆਰਾ ਵਾਪਸੀਆਂ ਵੀ, 24/7 ਸਵੀਕਾਰ ਕੀਤੀਆਂ

ਜਾਂਦੀਆਂ ਹਨ। ਆਪਣੇ ਬ੍ਰੈਂਪਟਨ ਲਾਇਬ੍ਰੇਰੀ (Brampton Library) ਕਾਰਡ ਅਤੇ ਪਿਨ (PIN) ਦੇ ਨਾਲ, ਮੁਫ਼ਤ ਈ-ਬੁੱਕਸ ਅਤੇ ਈ-ਔਡੀਓਬੁਕਸ, ਮਨੋਰੰਜਨ ਸਟ੍ਰੀਮਿੰਗ, ਔਨਲਾਈਨ ਸਿਖਲਾਈ ਅਤੇ ਮੁਫ਼ਤ ਵਿੱਚ ਡਿਜੀਟਲ ਲਾਇਬ੍ਰੇਰੀ (Digital Library) ਵਿੱਚ ਹੋਰ ਬਹੁਤ ਕੁਝ ਦੇਖੋ। ਆਪਣੇ ਖਾਤੇ ਵਿੱਚ ਸਹਾਇਤਾ ਲਈ ਜਾਂ ਇੱਕ ਔਨਲਾਈਨ ਲਾਇਬ੍ਰੇਰੀ ਕਾਰਡ ਪ੍ਰਾਪਤ ਕਰਨ ਲਈ ਇੱਥੇ ਕਲਿੱਕ ਕਰੋ (Click here to get an online library card)। ਹਰ ਉਮਰ ਦੇ ਵਿਅਕਤੀਆਂ ਲਈ ਦਿੱਤੇ ਗਏ, ਆਭਾਸੀ (ਵਰਚੁਅਲ) ਪ੍ਰੋਗਰਾਮਾਂ ਵਿੱਚ ਹਿੱਸਾ ਲਓ ਅਤੇ ਸਮਰ ਕਲੱਬਾਂ ਲਈ ਇੱਥੇ ਰਜਿਸਟਰ ਕਰੋ (Register here for summer clubs): 0-12 ਸਾਲ ਦੇ ਬੱਚਿਆਂ ਲਈ ਬ੍ਰੈਂਪਟਨ ਬ੍ਰੇਨ ਗੇਮ (Brampton Brain Game), ਟੀਨ ਸਮਰ ਰੀਡਿੰਗ ਕਲੱਬ (Teen Summer Reading Club) ਅਤੇ ਅਡਲਟ ਸਮਰ ਰੀਡਿੰਗ ਕਲੱਬ। ਬ੍ਰੈਂਪਟਨ ਲਾਇਬ੍ਰੇਰੀ ਦੇ ਈਮੇਲ ਅੱਪਡੇਟਸ ਲਈ ਸਬਸਕ੍ਰਾਈਬ ਕਰਕੇ (subscribing to Brampton Library email updates) ਸੰਪਰਕ ਵਿੱਚ ਰਹੋ ਅਤੇ Facebook, Twitter ਅਤੇ Instagram @bramptonlibrary ਤੇ, ਬ੍ਰੈਂਪਟਨ ਲਾਇਬ੍ਰੇਰੀ ਨਾਲ ਜੁੜੋ।

**ਬ੍ਰੈਂਪਟਨ ਐਨੀਮਲ ਸਰਵਿਸਿਜ**

ਬ੍ਰੈਂਪਟਨ ਐਨੀਮਲ ਸ਼ੈਲਟਰ (Brampton Animal Shelter), ਸਿਵਿਕ ਹੋਲੀਡੇ ਨੂੰ ਬੰਦ ਰਹੇਗਾ।

ਐਨੀਮਲ ਕੰਟ੍ਰੋਲ (Animal Control), ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਅਤੇ ਸ਼ਨੀਵਾਰ ਅਤੇ ਐਤਵਾਰ ਅਤੇ ਛੁੱਟੀਆਂ ਵਾਲੇ ਦਿਨਾਂ ਨੂੰ, ਸਵੇਰੇ 8 ਵਜੇ ਤੋਂ ਸ਼ਾਮ 6:30 ਵਜੇ ਤੱਕ ਚਾਲੂ ਰਹੇਗਾ। ਉਹ ਸਿਰਫ਼ ਹੇਠਾਂ ਦਿੱਤੇ ਕੰਮਾਂ ਨਾਲ ਸਬੰਧਿਤ ਕਾਲਾਂ ਦੇ ਹੀ ਜਵਾਬ ਦੇਣਗੇ:

- ਬੀਮਾਰ/ਜ਼ਖਮੀ/ਹਿੰਸਕ ਘਰੇਲੂ ਜਾਨਵਰ ਜਾਂ ਜੰਗਲੀ ਜਾਨਵਰ ਦਾ ਪਿਕ ਅੱਪ
- ਹਿੰਸਕ ਜਾਨਵਰ
- ਘਰੋਂ ਬਾਹਰ ਨਿੱਕਲੇ ਕੁੱਤੇ ਨੂੰ ਬਚਾਉਣਾ
- ਕੁੱਤੇ ਦੇ ਕੱਟਣ ਦੀ ਜਾਂਚ
- ਬੰਨ੍ਹ ਕੇ ਰੱਖੇ ਅਵਾਰਾ ਕੁੱਤਿਆਂ ਦਾ ਪਿਕ ਅੱਪ
- ਮਰੇ ਹੋਏ ਜਾਨਵਰ ਦਾ ਪਿਕ ਅੱਪ

ਇਹਨਾਂ ਘੰਟਿਆਂ ਤੋਂ ਬਾਅਦ, ਐਨੀਮਲ ਕੰਟ੍ਰੋਲ ਸਿਰਫ਼ ਐਮਰਜੈਂਸੀ ਕਾਲਾਂ ਦਾ ਹੀ ਜਵਾਬ ਦੇਵੇਗਾ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca